# ਸਰਗਰਮੀਆਂ ਦਾ ਕੇਂਦਰ




## ਨਕਸ਼ੇ ਦੇ ਉਪਖਿਆਨ:

ਕਮਯੂਨਿਟੀ ਐਕਸ਼ਨ ਪ੍ਰੋਗ੍ਰਾਮ ਫ਼ੌਰ ਚਿਲਡ੍ਰਨ (CAPC): ਰਿਵਰਡੇਲ ਅਤੇ ਆਸਪਾਸ ਦੇ ਪਰਿਵਾਰਾਂ ਲਈ ਸ੍ਰੋਮਾ ਕੇਂਦਰ। ਸਾਰੇ ਪੂਰਬੀ ਹੈਮਿਲਟਨ ਲਈ ਹੋਰ ਵੀ ਕਈ ਸਾਰੇ ਪ੍ਰੋਗ੍ਰਾਮ ਪੇਸ਼ ਕਰਦਾ ਹੈ।ਡੋਮਿਨੀਕ ਔਗਸਟੀਨੋ ਰਿਵਰਡੇਲ ਕਮਯੂਨਿਟੀ ਸੈਂਟਰ ਦੇ ਅੰਦਰ ਸਥਾਪਿਤ ਹੈ।
*ਹੋਰ ਵਿਸਥਾਰ ਲਈ ਅੰਦਰ ਵੇਖੋ।* **905-546-4295**

ਲੇਕ ਐਵਨਿਊ ਐਲਿਮੈਂਟ੍ਰੀ ਸਕੂਲ 'ਮਾਪੇ ਤੇ ਬੱਚਾ' ਲਈ ਸਿੱਖਿਆ ਕੇਂਦਰ ਅਤੇ ਸਕੂਲ ਵਿੱਚ ਆਉਣ ਵਾਲੇ ਸਾਰੇ ਬੱਚਿਆਂ ਲਈ ਸਵੇਰ ਦਾ ਭੋਜਨ ਪ੍ਰੋਗ੍ਰਾਮ ਪੇਸ਼ ਕਰਦਾ ਹੈ। **905-561-0402**

ਸੈਟਲਮੈਂਟ ਐਂਡ ਇੰਟੀਗ੍ਰੇਸ਼ਨ ਸਰਵਿਸਿਜ਼ (SISO) ਨਵੇਂ ਆਉਣ ਵਾਲਿਆਂ ਲਈ ਅਨੁਵਾਦ, ਤਰਜੁਮਾ ਅਤੇ ਅਬਾਦ, ਜੁੜਣ ਅਤੇ ਬਾਰੁਜ਼ਗਾਰ ਹੋਣ ਵਿੱਚ ਸਹਾਇਤਾ ਪ੍ਰਦਾਨ ਕਰਦਾ ਹੈ। ਸਮਰਪਿਤ ਸਵੈ-ਸੇਵਕਾਂ ਅਤੇ ਪੂਰਨ ਪ੍ਰਸ਼ਿਕਸ਼ਿਤ ਸਭਿਆਚਾਰਕ ਅਨੁਵਾਦਕਾਂ ਦੀ ਮਦਦ ਨਾਲ SISO 60 ਤੋਂ ਵੀ ਜ਼ਿਆਦਾ ਭਾਸ਼ਾਵਾਂ ਵਿੱਚ ਸੇਵ੍ਾਵਾਂ ਮੁਹੱਇਆ ਕਰਵਾ ਰਿਹਾ ਹੈ। 2511 ਬਾਰਟਨ ਪੂਰਬੀ।.
**905-561-2039**

ਸੇਂਟ ਚਾਰਲਜ਼ ਪ੍ਰੋੜ ਸਿੱਖਿਆ ਕੇਂਦਰ ਅਤੇ ਪਾਰਕਵੇ ਸਿੱਖਿਆ ਕੇਂਦਰ ਜਾਰੀ ਸਿੱਖਿਆ ਦੇ ਕੇਂਦਰ ਹਨ ਜੋਕਿ ਅੰਗਰੇਜ਼ੀ – ਦੂਜੀ ਭਾਸ਼ਾ ਦੇ ਤੌਰ ਤੇ (ESL) ਕਲਾਸਾਂ, ਕਨੇਡਾ ਵਿੱਚ ਨਵੇਂ ਆਉਣ ਵਾਲਿਆਂ ਲਈ ਭਾਸ਼ਾ ਨਿਰਦੇਸ਼ (LINC), ਅਤੇ ਜਦੋਂ ਤੁਸੀਂ ਕਲਾਸ'ਚ ਹੋਂਵੋਂ ਉਸ ਦੌਰਾਨ ਮੁਫ਼ਤ ਬੱਚਿਆਂ ਦੀ ਦੇਖ-ਭਾਲ ਉਪਲਬਧ ਕਰਵਾਉਂਦਾ ਹੈ।
**ਸੇਂਟ ਚਾਰਲਜ਼: 905-523-2347 • ਪਾਰਕਵੇ: 905-573-0941**

ਗ੍ਰੋਸਰੀ ਸਟੋਰ — ਈਸਟਗੇਟ ਸ਼ੌਪਿੰਗ ਮਾਲ — ਵਾਕ-ਇਨ ਮੈਡਿਕਲ ਕਲੀਨਿਕ

Canada *ਰਿਵਰਡੇਲ ਦੇ ਇਸ ਪ੍ਰਤੀਰੂਪ ਦੀ ਰਚਨਾ ਕਨੇਡਾ ਦੀ ਲੋਕ ਸਿਹਤ ਵਿਭਾਗ ਦੇ ਮਾਲੀ ਯੋਗਦਾਨ ਨਾਲ ਪੂਰੀ ਹੋ ਸਕੀ।*

Hamilton

## ਸ਼ਹਿਰ ਹੈਮਿਲਟਨ ਦੀਆਂ ਸੇਵਾਵਾਂ:

- ਡੋਮਿਨੀਕ ਔਗਸਟੀਨੋ ਰਿਵਰਡੇਲ ਕਮਯੂਨਿਟੀ ਸੈਂਟਰ ਹਰ ਉਮਰ ਦੇ ਲਈ ਤੈਰਾਕੀ, ਸਕੂਲ ਤੋਂ ਬਾਅਦ ਦੇ ਪ੍ਰੋਗ੍ਰਾਮ, ਬਾਸਕਿਟ-ਬਾਲ, ਕਸਰਤ, ਜਿਮ ਦਾ ਖੁੱਲਾ ਸਮਾਂ, ਟੇਬਲ-ਟੈਨਿਸ, ਅਤੇ ਬਜ਼ੁਰਗਾਂ ਲਈ ਗਤਿਵਿਧੀਆਂ ਪੇਸ਼ ਕਰਦਾ ਹੈ ।150 ਵੌਏਲਟ ਡ੍ਰਾਇਵ, **905-546-4284**

- ਬੁੱਕਮੋਬਾਇਲ ਹਰ ਬੁੱਧਵਾਰ 2:30 ਤੋਂ 4:30 ਰਿਵਰਡੇਲ ਕਮਯੂਨਿਟੀ ਸੈਂਟਰ ਤੇ ਲਾਇਬ੍ਰੇਰੀ ਲੈਕੇ ਆਉਂਦੀ ਹੈ।
  **905-546-3200 ਐਕਸ. 3477**

- ਕਮਯੂਨਿਟੀ ਸਿਹਤ ਬੱਸ ਹਰ ਮੰਗਲਵਾਰ ਸਵੇਰੇ 9:00 ਵਜੇ ਤੋਂ ਸ਼ਾਮੀਂ 4:00 ਤੱਕ ਰਿਵਰਡੇਲ ਕਮਯੂਨਿਟੀ ਸੈਂਟਰ ਦੇ ਠੀਕ ਬਾਹਰ ਦੰਦ ਅਤੇ ਚਿਕਿਤਸਾ ਸੇਵਾਵਾਂ ਮੁਫਤ ਪ੍ਰਦਾਨ ਕਰਦੀ ਹੈ। **905-546-2489**




## ਰਿਵਰਡੇਲ ਦੇ ਵਿੱਚ ਜਾਂ ਨੇੜੇ ਹੋਰ ਪ੍ਰਮੁੱਖ ਸੇਵਾਵਾਂ:

- ਦ ਹੈਮਿਲਟਨ ਹਾਊਸਿੰਗ ਹੈਲਪ ਸੈਂਟਰ ਕੋਲ ਉਹਨਾਂ ਦੀ ਕਿਰਾਏਦਾਰ ਸਹਾਇਤਾ-ਲਾਇਨ ਲਈ ਇੱਕ ਬਹੁ-ਭਾਸ਼ਾਈ ਸੇਵਾ ਹਾਜ਼ਿਰ ਹੈ ਜੋਕਿ ਫੋਨ ਤੇ ਨਾਲ ਦੀ ਨਾਲ ਅਨੁਵਾਦ ਕਰਵਾਉਂਦੀ ਹੈ; ਹੁਣ ਵਸਨੀਕ ਆਪਣੀ ਮਾਤ-ਭਾਸ਼ਾ ਵਿੱਚ ਬੋਲ ਸਕਦੇ ਹਨ ਅਤੇ ਜਾਣਕਾਰੀ ਲੈ ਸਕਦੇ ਹਨ।
  **905-526-9119**

- ਸਰਵਿਸ ਕਨੇਡਾ ਕਨੇਡਾ ਸਰਕਾਰ ਦੇ ਪ੍ਰੋਗ੍ਰਾਮਾਂ ਜਿਨ੍ਹਾਂ ਵਿੱਚ ਸ਼ਾਮਿਲ ਹੈ ਰੋਜ਼ਗਾਰ ਬੀਮਾ, ਸੀਪੀਪੀ, ਵਿਅਸਕਾਂ ਲਈ ਤਕਨੀਕੀ ਸਿਖਲਾਈ, ਰੋਜ਼ਗਾਰ ਸੇਵਾਵਾਂ, ਵਿਉਪਾਰ ਸ਼ੁਰੂਆਤੀ ਜਾਣਕਾਰੀ, ਅਤੇ ਹੋਰ ਕਈ ਸੇਵਾਵਾਂ ਦੀ ਵਿਆਪਕ ਕਤਾਰ ਪੇਸ਼ ਕਰਦਾ ਹੈ। 2255 ਬਾਰਟਨ ਸਟ੍ਰੀਟ ਪੂਰਬੀ, **1-800-622-6232**

- ਓਨਟਾਰਿਓ ਵਰਕਸ (OW) ਅਤੇ ਓਨਟਾਰਿਓ ਡਿਸਅਬਿਲਿਟੀ ਸਪੋਟ ਪ੍ਰੋਗ੍ਰਾਮ (OSDP) ਦਫ਼ਤਰ OW ਤੇ OSDP ਸੇਵਾਵਾਂ ਅਤੇ ਮਾਲੀ ਸਹਾਇਤਾ ਤੇ ਜਾਣਕਾਰੀ ਪ੍ਰਦਾਨ ਕਰਦਾ ਹੈ। 2255 ਬਾਰਟਨ ਸਟ੍ਰੀਟ ਪੂਰਬੀ, **905-546-4800**

- ਵਾਯਨ ਮਾਰਟਸਨ, ਐਮ.ਪੀ. ਫ਼ੈਡ੍ਰਲ ਸਰਕਾਰ ਦੇ ਪ੍ਰੋਗ੍ਰਾਮਾਂ (ਪਰਵਾਸ, ਪੋਗਾਰ ਬੀਮਾ, ਕਨੇਡਾ ਪੈਂਸ਼ਨ ਅਤੇ ਹੋਰ) ਸੰਬੰਧੀ ਮੱਦਦ ਪ੍ਰਦਾਨ ਕਰ ਸਕਦੇ ਹਨ। 40 ਸੈਂਟੇਨਿਅਲ ਪਾਰਕਵੇ ਉੱਤਰੀ, ਯੁਨਿਟ 2, **905-662-4763**

- ਪੌਲ ਮਿਲਰ, ਐਮ.ਪੀ.ਪੀ. ਸੂਬਾਈ ਸਰਕਾਰ ਦੇ ਪ੍ਰੋਗ੍ਰਾਮਾਂ ਅਤੇ ਸੇਵਾਵਾਂ (ਕਰਮਚਾਰੀ ਦੀ ਸਿਹਤ ਅਤੇ ਸੁਰੱਖਿਆ, ਮਜ਼ਦੂਰ ਮਾਪਦੰਡ ਅਤੇ ਹੋਰ) ਸੰਬੰਧੀ ਸਹਾਇਤਾ ਕਰ ਸਕਦੇ ਹਨ। 289 ਕੁਈਂਸਟਨ ਰੋਡ, **905-545-0114**

- ਕੌਂਸਲਰ ਚੈਡ ਕੋਲਿੰਜ਼, ਵਾਰਡ 5 ਸ਼ਹਿਰ ਦੀ ਕੌਂਸਲ ਵਿੱਚ ਰਿਵਰਡੇਲ ਦੇ ਪ੍ਰਤਿਨਿਧੀ ਹਨ। ਹੈਮਿਲਟਨ ਸਿਟੀ ਸੈਂਟਰ 77 ਜੇਮਜ਼ ਸਟ੍ਰੀਟ ਉੱਤਰੀ (ਜੱਦ ਤੱਕ ਸਿਟੀ ਹਾਲ ਮੁਰੰਮਤ ਅਧੀਨ ਹੈ)। **905-546-2716**

- ਹੈਮਿਲਟਨ ਪਬਲਿਕ ਲਾਏਬ੍ਰੇਰੀ ਦੀਆਂ ਰਿਵਰਡੇਲ ਵਿੱਚ ਦੋ ਸ਼ਾਖਾਵਾਂ ਹਨ:
  ਸਾਲਟਫਲੀਟ ਸ਼ਾਖਾ, 131 ਗ੍ਰੇ ਰੋਡ **905-662-8611**
  ਰੈੱਡ ਹਿਲ ਸ਼ਾਖਾ, 695 ਕੁਈਂਸਟਨ ਰੋਡ **905-546-2069**

- ਐਕਸਸ ਮਿਡਵਾਇਫਜ਼ (ਦਾਈਆਂ ਤੱਕ ਪਹੁੰਚੋ) ਮੁਫਤ, ਗਰਭ ਦੇ ਦੌਰਾਨ ਮਾਂ ਦੀ ਘੱਟ-ਜੋਖਮ ਵਾਲੀ ਦੇਖ-ਭਾਲ, ਜਨੇਪਾ, ਜਨਮ ਅਤੇ ਜਨਮ ਤੋਂ ਬਾਦ ਛੇ ਮਹੀਨਿਆਂ ਤੱਕ, ਆਪਣਾ ਦੁੱਧ ਪਿਲਾਉਣ, ਅਲਟ੍ਰਾ-ਸਾਊਂਡ ਅਤੇ ਬਲੱਡਵਰਕ ਪ੍ਰਤੀ ਉਪਲਬਧ ਕਰਾਂਦਾ ਹੈ। 38 ਕਿੰਗ ਸਟ੍ਰੀਟ ਪੱਛਮੀ, ਸਟੋਨੀ ਕ੍ਰੀਕ, ਸੈਂਟੇਨਿਅਲ ਦੇ ਠੀਕ ਪੂਰਬ'ਚ। **905-546-5002**



# ਰਿਵਰਡੇਲ 2009

SPRC SOCIAL PLANNING & RESEARCH COUNCIL OF HAMILTON

## ਇੱਕ ਬਦਲਦਾ ਨਕਸ਼

ਬੱਚਿਆਂ ਲਈ ਸਮਾਜਿਕ ਕਾਰਵਾਈ ਪ੍ਰੋਗ੍ਰਾਮ (CAPC)

ਰਿਵਰਡੇਲ 2009 ਵਿੱਚ: ਪੂਰਬੀ ਹੈਮਿਲਟਨ'ਚ ਸੈਂਟੇਨਿਅਲ ਪਾਰਕਵੇ, ਬਾਰਟਨ, ਕੁਈਂਸਟਨ ਰੋਡ, ਅਤੇ ਲੇਕ ਐਵੇਨਿਯੂ ਪਾਰਕ ਤੱਕ ਸੀਮਿਤ ਇੱਕ ਛੋਟਾ ਮੁਹੱਲਾ, ਸਟੋਨੀ ਕ੍ਰੀਕ ਅਤੇ ਮੌਲਿਕ ਹੈਮਿਲਟਨ ਦੀ ਸਰਹੱਦ ਦੇ ਠੀਕ ਨਾਲ, ਪੱਛਮੀ ਰਿਵਰਡੇਲ ਸੰਸਾਰ ਭਰ ਤੋਂ ਆਏ ਸੁਹਾਂਦੇ ਨਾਗਰਿਕਾਂ ਦੇ ਮਿਸ਼ਰਨ ਦਾ ਘਰ ਹੈ। ਵਸੋਂ ਦਾ 51% ਵਿਦੇਸ਼ਾਂ ਵਿੱਚ ਜਨਮਿਆ ਹੈ, ਅਤੇ ਹਾਲ ਵਿੱਚ ਆਏ ਪਰਵਾਸੀ (2001 ਤੋਂ ਲੈਕੇ 2006 ਵਿੱਚ ਕਨੇਡਾ'ਚ ਪਹੁੰਚੇ) ਦੀ 3.3% ਵਸੋਂ ਪੂਰੇ ਹੈਮਿਲਟਨ ਦੇ ਮੁਕਾਬਲੇ 16% ਰਿਵਰਡੇਲ'ਚ ਹੈ। ਦਰਅਸਲ, ਹੈਮਿਲਟਨ ਦੇ ਹਾਲ ਵਿੱਚ ਆਏ 7% ਪਰਵਾਸੀਆਂ ਦਾ ਪੱਛਮੀ ਰਿਵਰਡੇਲ'ਚ ਰਹਿੰਦੇ ਹਨ (ਜਦੋਂਕਿ ਪੱਛਮੀ ਰਿਵਰਡੇਲ'ਚ ਸਹਿਰ ਦੀ 1% ਵਸੋਂ ਹੈ)।

ਲੇਕ ਐਵੇਨਿਯੂ ਸਕੂਲ, ਮੁਹੱਲੇ ਦੇ ਐਲੀਮੈਂਟਰੀ ਸਕੂਲ ਦੇ ਆਂਕੜੇ ਦੱਸਦੇ ਹਨ ਕਿ ਇਹ ਸਮਾਜ ਜਨਸੰਖਿਆ ਦੇ ਆਂਕੜਿਆਂ ਤੋਂ ਵੀ ਜ਼ਿਆਦਾ ਭਾਂਤਤਾ ਦਾ ਹੈ: 18% ਵਿਦਿਆਰਥੀ ਕਨੇਡਾ'ਚ ਪਿਛਲੇ 5 ਸਾਲਾਂ'ਚ ਆਏ ਹਨ, 81% ਵਿਦਿਥਾਰਥੀਆਂ ਦੀ ਪਹਿਲੀ ਭਾਸ਼ਾ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਹੈ ਅਤੇ ਵਿਦਿਆਰਥੀ 31 ਤੋਂ ਜ਼ਿਆਦਾ ਅਲੱਗ ਭਾਸ਼ਾਵਾਂ ਬੋਲਦੇ ਹਨ। ਸਾਲ 2006-2007 ਵਿੱਚ ਇਕੱਲੀ ਬੱਚਿਆਂ ਦੀ ਬਾਲਵਾੜੀ'ਚ ਹੀ 16 ਤੋਂ ਜ਼ਿਆਦਾ ਭਾਸ਼ਾਵਾਂ ਬੋਲੀਆਂ ਗਈਆਂ ਸਨ।

ਲ਼ਗਾਤਾਰ ਤਬਦੀਲੀ ਦੀ ਹਾਲਤ ਵਿੱਚ: ਰਿਵਰਡੇਲ ਕੰਮਯੂਨਿਟੀ ਆਪਣੀ ਬਦਲਦੀ ਜਨਸੰਖਿਆ ਅਤੇ ਵਧੇਰੇ ਚਲੰਤ ਦਰ ਦੇ ਕਰਕੇ ਵੀ ਅਲੱਗ ਪਹਿਚਾਣੀ ਜਾਂਦੀ ਹੈ। ਸੰਨ 2006 ਦੀ ਜਨਗਣਨਾ ਵਿੱਚ ਦਿਖਾਇਆ ਗਿਆ ਹੈ ਕਿ ਰਿਵਰਡੇਲ ਦੇ 22% ਨਿਵਾਸੀਆਂ ਨੇ ਪਿਛਲੇ ਸਾਲ'ਚ ਪਤਾ ਬਦਲਿਆ ਹੈ (ਸਥਾਂਤਰ ਭਾਂਵੇਗਲੀ ਦੇ ਉਸ ਪਾਰ ਦਾ ਸੀ ਜਾਂ ਕਿ ਸੰਸਾਰ ਦੇ ਦੂਜੇ ਪਾਸੇ ਦਾ)।










ਆਂਕੜਾ ਸ੍ਰੋਤ: 2006 ਕਨੇਡਾ ਜਨਸੰਖਿਆ ਗਿਣਤੀ, ਆਂਕੜੇ ਕਨੇਡਾ


**ਹੈਮਿਲਟਨ ਦੀ ਸਮਾਜਿਕ ਯੋਜਨਾ ਅਤੇ ਅਨੁਸੰਧਾਨ ਕੌਂਸਲ**
162 ਕਿੰਗ ਵਿਲਿਅਮ ਸਟ੍ਰੀਟ, ਸੁਈਟ 103, ਹੈਮਿਲਟਨ ON L8R 3N9
ਵੈਬਸਾਇਟ: http://sprc.hamilton.on.ca
ਈ-ਮੇਲ: sprc@sprc.hamilton.on.ca
*ਸਮਾਜਿਕ ਝੁਕਾਆਵਾਂ ਬਾਰੇ ਹੋਰ ਜਾਣਕਾਰੀ ਲੈਣ ਲਈ SPRC ਨੂੰ 905-522-1148 ਤੇ ਸੰਪਰਕ ਕਰੋ।*


**A United Way Agency**

# ਚੁਣੌਤੀਆਂ ਦਾ ਮਿਸ਼ਰਨ...ਮੌਕਿਆਂ ਦਾ ਸੰਸਾਰ

## ਹੈਮਿਲਟਨ ’ਚ ਪੱਛਮੀ ਰਿਵਰਡੇਲ ਅਨੂਠਾ ਹੈ

### ਹੈਮਿਲਟਨ ਦੇ ਮੁਹੱਲਿਆਂ ਵਿੱਚ ਪਹਿਲਾ ਅਸਥਾਨ

- ਪਰਵਾਸੀ (3,375 ਆਦਮੀ, 48% ਵਸਨੀਕ)
- ਹਾਲਿਆ ਪਰਵਾਸੀ (1,140 ਆਦਮੀ, 16% ਵਸਨੀਕ)
- ਘਰ ’ਚ ਬੋਲੀ ਜਾਣਵਾਲੀ ਗੈਰ–ਦਫ਼ਤਰੀ ਭਾਸ਼ਾ (3,010 ਆਦਮੀ)
- ਦਿਖਦੇ ਅਲਪ–ਸੰਖਿਅਕ (3,050 ਆਦਮੀ, 2115 ਦੱਖਣੀ ਏਸ਼ਿਆਈ) (ਘੱਟ–ਗਿਣਤੀ ਵਸੋਂ)
- 6 ਜਾਂ ਉਸ ਤੋਂ ਜ਼ਿਆਦਾ ਜਣਿਆ ਵਾਲੇ ਘਰ (155 ਘਰ)
- ਅੰਗਰੇਜ਼ੀ ਦਾ ਕੋਈ ਗਿਆਨ ਨਹੀਂ (530 ਆਦਮੀ)
- ਆਵਾਜਾਈ ਅਸਬਾਬ ਚਾਲਕ (255 ਵਿਅਕਤੀ, 4% ਔਰਤਾਂ)
- ਉਤਪਾਦਨ ਅਤੇ ਨਫਾਨੁਮਾ ’ਚ ਮਸ਼ੀਨ ਚਾਲਕ (335 ਵਿਅਕਤੀ, 42% ਔਰਤਾਂ)
- ਉਤਪਾਦਨ ਅਤੇ ਨਫਾਨੁਮਾ ’ਚ ਮਜ਼ਦੂਰ(250 ਵਿਅਕਤੀ, 48% ਔਰਤਾਂ)
- ਫੁਟਕਲ ਵਿਕਰੀ ਅਤੇ ਸੇਵਾ ਆਹੁਦਿਆਂ ਤੇ ਔਰਤਾਂ (270)

### ਹੈਮਿਲਟਨ ਦੇ ਮੁਹੱਲਿਆਂ ਵਿੱਚ ਦੂਸਰਾ ਅਸਥਾਨ

- ਬੱਚੇ 0-5 ਸਾਲਾਂ ਦੀ ਉਮਰ ਦੇ (675)
- ਘਰੇਲੂ ਘਣਤਾ (ਪ੍ਰਤੀ ਵਰਗ ਕਿਲੋਮੀਟਰ 9,955 ਵਿਅਕਤੀ)
- ਕਿਰਾਏ ਤੇ ਚੜੀਆਂ ਜਗ੍ਹਾਂਵਾਂ ਦੀ ਪ੍ਰਤੀਅਤ (83%, 2,275 ਘਰ)
- ਘੱਟ ਆਮਦਨੀ ਵਾਲੇ ਜੋੜੇ (ਬੱਚਿਆਂ ਦੇ ਨਾਲ ਜਾਂ ਬਿਨਾ) (405, 28.1%)
- ਘਰ ’ਚ 0-6 ਬੱਚਿਆਂ ਦੇ ਨਾਲ ਆਦਮੀ ਜੋਕਿ ਮਜ਼ਦੂਰੀ ਨਹੀਂ ਕਰਦੇ ਹਨ (255; 30 ਪੁਰਖ ਅਤੇ 225 ਔਰਤਾਂ) (ਜ਼ਿਆਦਾਤਰ ਘਰ ਰਹਿਣ ਵਾਲੇ ਮਾਂ–ਬਾਪ, ਪਰ ਵਿਦਿਆਰਥੀ ਵੀ ਸ਼ਾਮਿਲ ਹੋ ਸਕਦੇ ਹਨ)

### ਹੈਮਿਲਟਨ ਦੇ ਮੁਹੱਲਿਆਂ ਵਿੱਚ ਤੀਸਰਾ ਅਸਥਾਨ

- ਘੱਟ ਆਮਦਨੀ ਵਾਲੇ ਘਰਾਂ ’ਚ 0-5 ਸਾਲਾਂ ਦੀ ਉਮਰ ਦੇ ਬੱਚੇ (335, 49.6%)
- ਜੋੜਾ ਪਰਿਵਾਰਾਂ ਵਿੱਚ ਟੈਕਸ ਤੋਂ ਪਹਿਲਾਂ ਦੀ ਘੱਟ ਆਮਦਨ ਦਾ ਬੋਲਬਾਲਾ (ਬੱਚਿਆਂ ਦੇ ਨਾਲ ਜਾਂ ਬਿਨਾ) (28.1%)
- ਪੰਜ ਜਾਂ ਉਸ ਤੋਂ ਜ਼ਿਆਦਾ ਮੰਜਲਾਂ ਦੀ ਅਪਾਰਟਮੈਂਟ ਇਮਾਰਤ ਵਿੱਚ ਭਰੇ ਹੋਏ ਯੁਨਿਟ (2,290 ਜਗ੍ਹਾਵਾਂ)
- ਕਿਰਾਏ ਤੇ ਰਹਿਣ ਵਾਲੇ ਬਿਨਾਂ ਵਾਧੂ ਕਿਰਾਏਦਾਰ ਦੇ, ਆਪਣੀ ਆਮਦਨ ਦਾ 30% ਜਾਂ ਜ਼ਿਆਦਾ ਕਿਰਾਏ ਤੇ ਖਰਚਦੇ ਹੋਏਇੱਕ–ਪਰਿਵਾਰਕ ਘਰ (490 ਘਰ)

### ਹੈਮਿਲਟਨ ਦੇ ਮੁਹੱਲਿਆਂ ਵਿੱਚ ਚੌਥਾ ਅਸਥਾਨ

- ਜਨਸੰਖਿਆ ਗਿਣਤੀ ਤੋਂ ਪਹਿਲਾਂ 5 ਸਾਲਾਂ ਵਿੱਚ ਆਉਣ ਵਾਲਿਆਂ ਦੀ ਗਿਣਤੀ (3,700)

### ਹੈਮਿਲਟਨ ਦੇ ਮੁਹੱਲਿਆਂ ਵਿੱਚ ਪੰਜਵਾਂ ਅਸਥਾਨ

- ਜਨਸੰਖਿਆ ਦੀ ਗਿਣਤੀ ਤੋਂ ਇੱਕ ਸਾਲ ਪਹਿਲਾਂ ਆਉਣ ਵਾਲਿਆਂ ਦੀ ਗਿਣਤੀ (1,530)

ਪੱਛਮੀ ਰਿਵਰਡੇਲ ਹੈਮਿਲਟਨ ਦਾ 9ਵਾਂ ਸੱਭ ਤੋਂ ਵੱਡਾ ਮੁਹੱਲਾ ਹੈ ਜਿਸਦੀ ਵਸੋਂ 7,050 ਹੈ !

ਰਿਵਰਡੇਲ ਵਿੱਚ ਘਰ ਦੀ ਔਸਤ ਆਮਦਨ $26,000 ਤੋਂ ਜ਼ਿਆਦਾ ਹੈ ਅਤੇ ਪੂਰੇ ਹੈਮਿਲਟਨ ਦੀ ਘਰ ਦੀ ਔਸਤਨ ਆਮਦਨ ਤੋਂ ਘੱਟ ਹੈ। ਬੱਚਿਆਂ ਨਾਲ ਗਰੀਬੀ ‘ਚ ਰਹਿਣ ਵਾਲੇ ਪਰਿਵਾਰਾਂ ਦੀ ਅਨੁਪਾਤ ਰਿਵਰਡੇਲ ’ਚ ਬਾਕੀ ਹੈਮਿਲਟਨ ਤੋਂ ਉਚੇਰਾ ਹੈ ਅਤੇ ਪਰਿਵਾਰਾਂ ਦਾ ਆਕਾਰ ਵੱਡਾ ਹੈ। ਇਸ ਵਿੱਚ ਹੁਣੇ ਆਏ ਪਰਵਾਸੀ ਅਤੇ ਦਿਸਦੇ ਅਲਪ–ਸੰਖਿਅਕ ਦੀ ਵੀ ਉਚੇਰੀ ਦਰ ਹੈ। ਜਨਸੰਖਿਆ ਦੇ ਆਂਕੜੇ ਸਾਨੂੰ ਦਰਸਾਉਂਦੇ ਹਨ ਕਿ ਨਵੇਂ ਆਉਣ ਵਾਲਿਆਂ ਅਤੇ ਆਮਦਨ ਵਿੱਚ ਦਾ ਗਹਿਰਾ ਸੰਬੰਧ ਹੈ




ਆਂਕੜਾ ਸ੍ਰੋਤ: 2006 ਕਨੇਡਾ ਜਨਸੰਖਿਆ ਗਿਣਤੀ, ਆਂਕੜੇ ਕਨੇਡਾ

## ਸਮਾਜਿਕ ਮਸ਼ਵਰੇ ਕੁੱਝ ਖਾਸ ਮੁੱਦੇ ਪਛਾਣ ਰਿਹਾ ਹੈ:

*• ਘਰ ਬਣਾਉਣ ਪ੍ਰਤੀ ਪਹੁੰਚ, ਸੁਰੱਖਿਆ, ਸੰਭਾਲ ਅਤੇ ਮੁਰੰਮਤ • ਆਕਸਮਿਤ ਭੋਜਨ ਬੈਕਾਂ ਨੂੰ ਪਹੁੰਚ*
*• ਰੋਜ਼ਗਾਰ ਅਤੇ ਸਿਖਲਾਈ • ਜਾਤੀ ਹਿਫਾਜ਼ਤ ਅਤੇ ਸੁਰੱਖਿਆ • ਨਵੇਂ ਆਇਆਂ ਲਈ ਰਲਣਾ*

ਬੱਚੇ ਅਤੇ ਸਮਾਜ (ਕਿਡਜ਼ ਐਂਡ ਕਮਯੂਨਿਟੀ) ਪ੍ਰੋਜੈਕਟ ਇੱਕ ਸਮਾਜ ਤੇ ਅਧਾਰਿਤ ਰਿਵਰਡੇਲ ਦੇ ਵਸਨੀਕਾਂ ਦੀ ਅਨੁਸੰਧਾਨਿਕ ਟੀਮ ਸੀ ਜਿਨ੍ਹਾਂ ਨੇ 2008 ਵਿੱਚ ਘਰ–ਘਰ ਜਾਕੇ ਸਮਾਜ ਦਾ ਸਰਵੇ ਕੀਤਾ। ਸਰਵੇ ਦਾ ਮਨਸ਼ਾ ਪ੍ਰਤਿਨਿਧੀਆਂ ਦੇ ਮਸ਼ਵਰਿਆਂ ਵਲੋਂ ਦਰਸਾਏ ਗਏ ਮੁੱਦਿਆਂ ਨੂੰ ਹੋਰ ਖੋਜਣਾ ਸੀ। ਕੁਲ ਮਿਲਾ ਕੇ, 415 ਮੁਲਾਕਾਤਾਂ ਕੀਤੀਆਂ ਗਈਆਂ।







## ਬਦਲ ਵਿੱਚ ਭਾਗੀਦਾਰੀ:

ਬੱਚਿਆਂ ਲਈ ਸਮਾਜਿਕ ਕਾਰਵਾਈ ਪ੍ਰੋਗ੍ਰਾਮ (ਕਮਯੂਨਿਟੀ ਐਕਸ਼ਨ ਪ੍ਰੋਗ੍ਰਾਮ ਫ਼ੌਰ ਚਿਲਡ੍ਰਨ–CAPC)



150 ਵਾਏਲੇਟ ਡ੍ਰਾਇਵ ਤੇ ਡੋਮਿਨੀਕ ਔਗਸਟੀਨੋ ਰਿਵਰਡੇਲ ਕਮਯੂਨਿਟੀ ਸੈਂਟਰ ਦੇ ਦਰਵਾਜਿਆਂ ਦੇ ਠੀਕ ਅੰਦਰ ਸਥਾਪਿਤ, CAPC ਕਈ ਤਰ੍ਹਾਂ ਦੀਆਂ ਸੇਵਾਵਾਂ ਅਤੇ ਬੱਚਿਆਂ ਤੇ ਉਹਨਾਂ ਦੇ ਪਰਿਵਾਰਾਂ ਦੇ ਲਈ ਕਿਰਿਆਵਾਂ ਪ੍ਰਦਾਨ ਕਰਦਾ ਹੈ। CAPC ਸਮਾਜ ਦੀਆਂ ਜ਼ਰੂਰਤਾਂ ਨੂੰ ਹੁੰਗਾਰਾ ਦੇਣ ਲਈ ਸਰਗਰਮ ਹੋਕੇ ਭਾਗੀਦਾਰਾਂ ਅਤੇ ਸਮਾਜਿਕ ਮੈਂਬਰਾਂ ਨਾਲ ਜੁੜਿਆ ਹੋਇਆ ਹੈ। The CAPC ਦਾ ਦਫਤਰ ਇੱਕ ਸੋਮਾ ਕੇਦਰ ਵੀ ਹੈ ਜੋਕਿ ਬਹੁਤ ਤਰ੍ਹਾਂ ਦੀ ਜਾਣਕਾਰੀ, ਅਗਉ ਦੱਸ ਅਤੇ ਸਹਾਇਤਾ ਮੁਹੱਇਆ ਕਰਵਾਉਂਦਾ ਹੈ, ਜਿਵੇਂ ਕਿ:

- ਮਾਂ–ਬਾਪ ਸੰਬੰਧੀ ਜਾਣਕਾਰੀ
- ਸਰਕਾਰੀ ਫਾਰਮ ਲੈਣ ’ਚ ਮੱਦਦ,
- ਫੈਕਸ ਕਰਨਾ(ਰੈਜ਼ਮੇ, ਪਰਵਾਸ ਫਾਰਮ, ਸਮਾਜਿਕ ਬੀਮਾ ਨੰਬਰ ਬਿਨੈਪੱਤਰ, ਜਨਮ ਸਰਟਫਿਕੇਟ ਆਦਿ)
- ਪਰਿਵਾਰਾਂ ਨੂੰ ਲੋੜੀਂਦੀ ਆਮ ਜਾਣਕਾਰੀ

**ਮਿਲੋ ਜਾਂ ਕਾਲ ਕਰੋ; CAPC ਸਾਰੇ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕਰੇਗਾ!**
**905-546-4295**

## CAPC ਇਹ ਵੀ ਪੇਸ਼ ਕਰਦਾ ਹੈ:

ਬੇਬੀ ਸ਼ਾਵਰਜ਼ ਨਵਜਾਤਾਂ ਅਤੇ ਰਿੜਣ ਵਾਲੇ ਬੱਚਿਆਂ ਦੁਆਰਾ ਅਰਾਮ ਨਾਲ ਵਰਤੀਆਂ ਹੋਈਆਂ ਚੀਜਾਂ ਇਕੱਠਾ ਕਰਦਾ ਹੈ ਅਤੇ ਲੋੜ ਵਿੱਚ ਦੇ ਪਰਿਵਾਰਾਂ ਨੂੰ ਦਾਨ ਕਰ ਦਿੰਦਾ ਹੈ।

**CATCH (COMMUNITY ACCESS TO CHILD HEALTH):** ਪੂਰਬੀ ਹੈਮਿਲਟਨ ਦਾ ਇੱਕ ਸੋਮਾ ਕੇਂਦਰ ਹੈ ਜੋਕਿ ਆਉਣ ਵਾਲੇ ਮਾਂ–ਬਾਪ ਅਤੇ 15 ਸਾਲ ਦੀ ਉਮਰ ਤੱਕ ਦੇ ਬੱਚਿਆਂ ਲਈ ਪ੍ਰੋਗ੍ਰਾਮ ਉਪਲਬਧ ਕਰਦਾ ਹੈ।

**EAST HAMILTON KIWANIS BOYS AND GIRLS CLUB:** ਬੱਚਿਆਂ ਅਤੇ ਮਾਂਪਿਆਂ ਲਈ ਇੱਕ ਦੁਪਹਿਰ ਦਾ ਖਾਣਾ ਅਤੇ ਜੀਵਨ ਹੁਨਰ ਪ੍ਰੋਗ੍ਰਾਮ ਅਤੇ ਨਾਲ ਹੀ ਪਰਵਾਸੀ ਅਤੇ ਸ਼ਰਨਾਰਥੀ ਪਰਿਵਾਰਾਂ ਨੂੰ ਸਮਾਜਿਕ ਇਕੱਲੇ–ਪਣ ਨੂੰ ਘਟਾਉਣ ਦੇ ਲਈ ਬਹੁ–ਸਭਿਆਵਾਰਕ ਮਾਂ–ਬਾਪ ਸਿੱਖਿਆ ਪ੍ਰੋਗ੍ਰਾਮ ਪ੍ਰਦਾਨ ਕਰਦਾ ਹੈ।

**HOME MANAGEMENT WORKERS:** A ਇੱਕ ਘਰ ਦਾ ਦੌਰਾ ਕਰਨ ਵਾਲਾ ਪ੍ਰੋਗ੍ਰਾਮ ਜੋਕਿ ਬਜਟ ਬਣਾਉਣ, ਪੋਸ਼ਣ, ਤਣਾਅ ਨਾਲ ਨਿਭਾ, ਮਾਤਾ–ਪਿਤਾ ਹੁਨਰ ਦੇ ਜੀਵਨ–ਹੁਨਰ ਦੀ ਸਿਖਲਾਈ ਪ੍ਰਦਾਨ ਕਰਦਾ ਹੈ।

**HAMILTON PUBLIC LIBRARY RED HILL BRANCH:** ਰਿਵਰਡੇਲ ਕਮਯੂਨਿਟੀ ਵਿੱਚ ਇੱਕ ਬਹੁ–ਸਭਿਆਚਾਰਕ ਮੁੱਢਲੀ ਸਿੱਖਿਆ ਅਤੇ ਵਿਕਾਸ ਪ੍ਰੋਗ੍ਰਾਮ ਅਤੇ ਨਾਲ ਹੀ ਗਰਮੀਆਂ ਦਾ ਵਿਦਿਆਰਥੀ ਪ੍ਰੋਗ੍ਰਾਮ ਮੁਹੱਇਆ ਕਰਵਾਉਂਦਾ ਹੈ।

**S.T.A.R. (SKILLS THROUGH ACTIVITY AND RECREATION)**: ਪੂਰਬੀ ਹੈਮਿਲਟਨ ਵਿੱਚ ਤਿੰਨ ਥਾਂਵਾਂ ਤੇ 5 ਤੋਂ 15 ਸਾਲ ਦੇ ਬੱਚਿਆਂ ਦੇ ਲਈ ਮਨੋਰੰਜਨ ਪ੍ਰੋਗ੍ਰਾਮ (ਸਵੇਰ ਦਾ ਭੋਜਨ ਪ੍ਰੋਗ੍ਰਾਮ, ਸਕੂਲ ਤੋਂ ਬਾਦ ਦੀਆਂ ਕਿਰਿਆਵਾਂ, ਕੁੜੀਆਂ ਦਾ ਕਲੱਬ, ਖੇਤਰੀ ਦੌਰਾ)

**TODAY’S FAMILY EARLY LEARNING AND CHILDCARE**: ਮਾਂ–ਬਾਪ ਲਈ ਲਚੀਲੀ ਬੱਚਾ ਦੇਖ–ਭਾਲ ਅਤੇ ਨਾਲ ਹੀ ਤੁਹਾਡਾ ਆਪਣਾ ਵਿਉਪਾਰ ਸ਼ੁਰੂ ਕਰਨ ਦੇ ਮੌਕੇ ਪੇਸ਼ ਕਰਦਾ ਹੈ। ਰਿਵਰਡੇਲ ਦੇ ਪਰਿਵਾਰਾਂ ਲਈ ਬੱਚਿਆਂ ਦੀ ਘਰੇਲ ਦੇਖ–ਭਾਲ ਦਾ ਲਸੰਸ ਉਪਲਬਧ ਕਰਵਾਉਂਦਾ ਹੈ।

**RIVERDALE CAPC COUNCIL:** ਆਪਣੇ ਸਮਾਜ ਦੇ ਬੱਚਿਆਂ ਦੇ ਲਈ ਨਵੇਂ ਅਤੇ ਨਵੀਨਤਮ ਮੌਕੇ ਇਕੱਠੇ, ਵਿਚਾਰ ਸਾਂਝੇ, ਪ੍ਰੋਗ੍ਰਾਮਾਂ ਦਾ ਸੰਸੋਧਨ ਅਤੇ ਵਿਕਸਿਤ ਕਰਨ ਦਾ ਮੌਕਾ।



*ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ, ਸਵੈ–ਸੇਵਕ ਬਯਨਾ ਚਾਹੁੰਦੇ ਹੋ ਜਾਂ ਕਿਸੇ ਪ੍ਰੋਗ੍ਰਾਮ ਦਾ ਵਿਚਾਰ ਰੱਖਦੇ ਹੋ ਤਾਂ ਕਾਲ ਕਰੋ 905-546-4295 ਜਾਂ ਡੋਮਿਨੀਕ ਔਗਸਟੀਨੋ ਰਿਵਰਡੇਲ ਕਮਯੂਨਿਟੀ ਸੈਂਟਰ ਦੇ CAPC ਦਫ਼ਤਰ ’ਚ ਆਓ।*

## ਰਿਵਰਡੇਲ ਵਿੱਚ ਬਣਿਆ ਅਤਿ ਲੋੜੀਂਦਾ ਖੇਡ ਦਾ ਮੈਦਾਨ

ਕਈ ਸੰਘਣੇ ਮੁਹੱਲਿਆਂ ਦੀ ਤਰ੍ਹਾਂ, ਰਿਵਰਡੇਲ ਵਿੱਚ ਹਰਾ ਸਥਾਨ ਚਰਮ ਤੇ ਹੈ। ਹੁਣ ਤੱਕ ਕਮਯੂਨਿਟੀ ਸੈਂਟਰ ਅਤੇ ਸਕੂਲ ਦੇ ਕੋਲ ਕੋਈ ਖੇਡ ਦੇ ਉਪਕਰਣ ਨਹੀਂ ਸਨ। 8 ਨਵੰਬਰ, 2007 ਨੂੰ ਸਮਾਜ ਦੇ 200 ਤੋਂ ਵੀ ਜ਼ਿਆਦਾ ਸਵੈ–ਸੇਵਕਾਂ, ਹੋਮ ਡਿਪੋ ਕਨੇਡਾ, ਸਮਾਜਿਕ ਯੋਜਨਾ ਅਤੇ ਅਨੁਸੰਧਾਨ ਕੌਂਸਲ, ਵੌਲੰਟਿਅਰ ਹੈਮਿਲਟਨ, ਸ਼ਹਿਰ ਹੈਮਿਲਟਨ, ਅਤੇ ਲੇਕ ਐਵੇਨਿਯੂ ਸਕੂਲ ਨੇ ‘ਕਾਬੂਮ!’ ਵਲੋਂ ਦਿੱਤੇ ਨਵੇਂ ਉਪਕਰਣਾਂ ਨਾਲ ਇੱਕ ਦਿਨ ਵਿੱਚ ਨਵਾਂ ਖੇਡ ਦਾ ਮੈਦਾਨ ਤਿਆਰ ਕੀਤਾ। ਸ਼ਹਿਰ ਹੈਮਿਲਟਨ ਨੇ ਉਦੋਂ ਤੋਂ ਹੀ ਹੋਰ ਰੋਸ਼ਨੀ ਲਵਾ ਦਿੱਤੀ ਹੈ ਅਤੇ ਖੇਡ ਦਾ ਮੈਦਾਨ ਰਿਵਰਡੇਲ ਦੇ ਪਰਿਵਾਰਾਂ ਵਲੋਂ ਰੋਜ਼ਾਨਾ ਵਰਤਿਆ ਜਾਂਦਾ ਹੈ।

